# ਕ੍ਰਿਸਨ ਚਰਾਵਤ ਗਾਊ ਰੇ

## ਰਾਗੁ ਗਉੜੀ ੧੧ ॥
## ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ ॥

ਇਹ ਸ਼ਬਦ ਭਗਤ ਕਬੀਰ ਜੀ ਨੇ ਗਉੜੀ ਰਾਗ ਵਿਚ ਉਚਾਰਣ ਕੀਤਾ ਹੈ। ਅੰਕ ੧੧, ਘਰੁ ਦਾ ਸੂਚਕ ਹੈ, ਜਿਸ ਵਿਚ ਗਾਉਣ ਦੀ ਹਦਾਇਤ ਹੈ।

ਇਸ ਸ਼ਬਦ ਵਿਚ ਸਮੇਂ ਦੀ ਗੁਰ ਜੋਤਿ, ਸ੍ਰੀ ਕ੍ਰਿਸ਼ਨ ਜੀ ਦੀ ਉਪਮਾਂ ਕੀਤੀ ਗਈ ਹੈ। ਉਨ੍ਹਾਂ ਦੀ ਆਪਣੀ, ਉਨ੍ਹਾਂ ਕਰਕੇ ਉਨ੍ਹਾਂ ਦੇ ਪਿੰਡ ਦੀ ਤੇ ਉਨ੍ਹਾਂ ਦੇ ਗਊਆਂ ਚਰਾਉਣ ਕਰਕੇ ਬਿੰਦ੍ਰਾਬਣ ਦੀ ਵੀ ਉਪਮਾ ਕੀਤੀ ਗਈ ਹੈ। ਉਨ੍ਹਾਂ ਕਰਕੇ ਸੋ ਥਾਨ ਸੁਹਾਵਾ ਮੰਨਿਆਂ ਹੈ। ਭਗਤ ਜੀ ਨੇ ਅਤਿ ਵਿਸਮਾਦ ਦੀ ਅਵਸਥਾ ਵਿਚ ਬੜੀ ਰਸਮਈ ਤੇ ਪ੍ਰੇਮ ਭਿਜੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ।

ਭਗਤ ਜੀ ਬਿਆਨ ਕਰਦੇ ਹਨ – ਵਿਚ ਵਿਚਾਲੇ ਸੁੰਦਰ ਰਸਦਾਇਕ ਪਿੰਡ ਵਸਿਆ ਹੋਇਆ ਹੈ ਅਤੇ ਉਸ ਦੇ ਆਲੇ ਦੁਆਲੇ ਤੁਲਸੀ ਆਦਿ ਖੁਸ਼ਬੂਦਾਰ ਬੂਟਿਆਂ ਆਦਿ ਦਾ ਸੰਘਣਾ ਝੁੰਡ ਹੈ। (ਇਹ ਸੁੰਦਰ ਨਜ਼ਾਰਾ ਅਸਲ ਵਿਚ ਉਥੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੀ ਮੌਜੂਦਗੀ ਕਰਕੇ ਹੈ।)

## ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ ॥੧॥

ਮੈਂ ਵਿਚਾਰੀ ਗੁਆਲਣ ਉਸ ਮਨਮੋਹਕ ਸ੍ਰੀ ਕ੍ਰਿਸ਼ਨ ਜੀ ਦਾ ਰੱਬੀ ਸਰੂਪ ਦੇਖ ਕੇ ਮੋਹੀ ਗਈ ਹਾਂ ਭਾਵ ਪ੍ਰੇਮ ਵਸ ਹੋ ਗਈ ਹਾਂ। ਮੈਂ ਪ੍ਰੇਮ ਨਾਲ ਇਤਨੀ ਵਿਆਕਲ ਹੋ ਗਈ ਹਾਂ ਕਿ ਮੇਰੀ ਤੇਰੇ ਅੱਗੇ ਬੇਨਤੀ ਹੈ ਕਿ ਮੈਂਨੂੰ ਹੁਣ ਛੱਡ ਕੇ ਕਿਤੇ ਆਲੇ ਦੁਆਲੇ ਆਈਂ ਜਾਈਂ ਨਾਂ, ਕਿਉਂਕਿ ਮੈਂ ਤੇਰੇ ਬਿਨਾਂ ਇਕ ਪਲ ਲਈ ਵੀ ਰਹਿ ਨਹੀਂ ਸਕਦੀ।੧।

## ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ॥ ਸੋ ਮਿਲੈ ਜੋ ਬਡਭਾਗੋ ॥੧॥ ਰਹਾਉ ॥

ਹੇ ਭਗਵਾਨ ਬੀਠਲਾ, ਸਾਰਿੰਗਧਰ ! ਮੇਰਾ ਮਨ ਤੇਰੇ ਚਰਨਾਂ ਵਿਚ ਵਿਝ ਗਿਆ ਹੈ, ਪਰ ਤੂੰ ਮਿਲਦਾ ਉਸ ਨੂੰ ਹੈਂ ਜਿਸ ਦੇ ਵਡੇ ਭਾਗ ਹੋਣ।੧।ਰਹਾਉ।

## ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ॥

ਹੇ ਸੋਹਣੇ ਕ੍ਰਿਸ਼ਨ ! ਉਥੇ ਤੇਰੀ ਮੌਜੂਦਗੀ ਕਰਕੇ ਬਿੰਦ੍ਰਾਬਣ ਮਨ ਨੂੰ ਹਰ ਲੈਣ ਵਾਲਾ ਮਨੋਹਰ ਬਣ ਗਿਆ ਹੈ ਕਿਉਂਕਿ ਉਥੇ ਸ੍ਰੀ ਕ੍ਰਿਸ਼ਨ ਜੀ ਗਊਆਂ ਚਾਰਦੇ ਹਨ। ਬਿੰਦਰਾਬਨ ਦਾ ਅਜਿਹਾ ਹੀ ਜ਼ਿਕਰ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਵੀ ਮੌਜੂਦ ਹੈ ਜਦੋਂ ਉਹ ਫ਼ੁਰਮਾਣ ਕਰਦੇ ਹਨ ਕਿ ਉਹ ਬਿੰਦਰਾਬਨ ਧੰਨ

ਹੈ ਜਿਥੇ ਨਾਰਾਇਣ ਰੂਪ ਸ੍ਰੀ ਕ੍ਰਿਸ਼ਨ ਜੀ ਖੇਡੇ – 'ਧਨਿ ਧਨਿ ਤੂ ਮਾਤਾ ਦੇਵਕੀ।। ਜਿਹ ਗ੍ਰਿਹ ਰਮਈਆ ਕਵਲਾਪਤੀ।। ਧਨਿ ਧਨਿ ਬਨ ਖੰਡ ਬਿੰਦ੍ਰਾਬਨਾ।। ਜਹ ਖੇਲੈ ਸ੍ਰੀ ਨਾਰਾਇਨਾ।।'

## ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਉ ਰੇ ॥੨॥੨॥੧੫॥੬੬॥

ਹੇ ਸ੍ਰੀ ਕ੍ਰਿਸ਼ਨ ਸਾਰਿੰਗਧਰ, ਭਗਵਾਨ ਬੀਠਲ ਜੀ ! ਤੂੰ ਹੀ ਉਨ੍ਹਾਂ ਗੁਆਲਣਾਂ ਦਾ ਪੂਜਯ ਇਸ਼ਟ ਸੁਆਮੀ ਬਣਿਆ ਹੈਂ ਤੇ ਉਨ੍ਹਾਂ ਤੇ ਹਰ ਤਰ੍ਹਾਂ ਨਾਲ ਕਿਰਪਾ ਕੀਤੀ ਹੈ, ਉਨ੍ਹਾਂ ਨੂੰ ਖੁਲੇ ਦਰਸ਼ਨ ਦੀਦਾਰੇ ਦਿਤੇ ਹਨ, ਕਿਰਪਾ ਕਰ ਕੇ ਜ਼ਰਾ ਇਧਰ ਵੀ ਨਿਗਾਹ ਕਰ ਦੇ, ਮੇਰੇ ਗ਼ਰੀਬ ਦਾ ਨਾਉਂ ਕਬੀਰ ਹੈ, ਭਾਵ ਮੈਂ ਗ਼ਰੀਬ ਕਬੀਰ ਵੀ ਲਾਈਨ ਵਿਚ ਖੜ੍ਹਾ ਤੇਰੀ ਮਿਹਰ ਦੀ ਨਿਗਾਹ ਉਡੀਕ ਰਿਹਾ ਹਾਂ !!! ਭਗਤ ਨਾਮਦੇਵ ਜੀ ਨੇ ਪਿਛੇ ਦਸੇ ਸ਼ਬਦ ਵਿਚ ਸ੍ਰੀ ਕ੍ਰਿਸ਼ਨ ਜੀ ਨੂੰ ਨਾਰਾਇਣ ਕਿਹਾ ਤੇ ਭਗਤ ਕਬੀਰ ਜੀ ਇਥੇ ਉਨ੍ਹਾਂ ਨੂੰ ਆਪਣਾ ਠਾਕੁਰ ਕਹਿ ਰਹੇ ਹਨ। ਸਿਧਾਂਤ ਇਥੇ ਵੀ ਸ੍ਰੀ ਕ੍ਰਿਸ਼ਨ ਜੀ ਦੇ ਗੁਰ ਜੋਤਿ ਹੋਣ ਦਾ ਹੀ ਹੈ, ਜੋ ਹੋਰ ਸ਼ਬਦਾਂ ਵਿਚ, ਖਾਸ ਤੌਰ ਤੇ ਸਵਈਆਂ ਵਿਚ, ਆਇਆ ਹੈ ਅਤੇ ਉਨ੍ਹਾਂ ਵਿਚੋਂ ਕੁਝ ਸ਼ਬਦਾਂ ਦੀ ਵਿਆਖਿਆ ਵਿਚ ਵਿਸਥਾਰ ਸਹਿਤ ਬਿਆਨ ਕੀਤਾ ਜਾ ਚੁਕਿਆ ਹੈ ਜੀ।

Last modified: 11:18 am